## ਅਧਿਆਇ 8

# ਸ਼ਮਾਦਾਨ ਅਤੇ ਲੇਵੀਆਂ ਦਾ ਪਵਿੱਤ੍ਰ ਕੀਤਾ ਜਾਣਾ

ਅਧਿਆਇ 6 ਦੀ ਤਰ੍ਹਾਂ, ਇਸ ਅਧਿਆਇ ਵਿਚ ਦੋ ਵਿਸ਼ਿਆਂ ਤੇ ਚਰਚਾ ਕੀਤੀ ਗਈ ਹੈ। ਉਹ ਹਨ ਸ਼ਮਾਦਾਨ ਦੀ ਸਥਾਪਨਾ (8:1-4) ਅਤੇ ਲੇਵੀਆਂ ਦਾ ਪਵਿੱਤ੍ਰ ਕੀਤਾ ਜਾਣਾ (8:5-26)। ਦੋਹਾਂ ਵਿਸ਼ਿਆਂ ਵਿਚ ਇਕ ਗੱਲ ਦੀ ਸਮਾਨਤਾ ਹੈ। ਦੋਵੇਂ ਡੇਹਰੇ ਨਾਲ ਸੰਬੰਧ ਰੱਖਦੇ ਹਨ। ਸ਼ਮਾਦਾਨ ਡੇਹਰੇ ਨੂੰ ਚਾਨਣ ਦਿੰਦਾ ਸੀ ਅਤੇ ਲੇਵੀ ਮੰਡਲੀ ਦੇ ਤੰਬੂ ਵਿਚ ਉਨ੍ਹਾਂ ਦੀ ਸੇਵਾ ਨੂੰ ਪੂਰਾ ਕਰਦੇ ਸਨ (8:24)।

## ਸ਼ਮਾਦਾਨ (8:1-4)

**[1]ਯਹੋਵਾਹ ਮੂਸਾ ਨੂੰ ਬੋਲਿਆ, [2]ਹਾਰੂਨ ਨਾਲ ਗੱਲ ਕਰ ਅਤੇ ਉਹ ਨੂੰ ਆਖ ਕਿ ਜਦ ਤੂੰ ਦੀਵੇ ਬਾਲੇਂ ਤਾਂ ਓਹ ਸੱਤ ਦੀਵੇ ਸ਼ਮਾਦਾਨ ਦੇ ਸਾਹਮਣੇ ਚਾਨਣ ਦੇਣ। [3]ਤਾਂ ਹਾਰੂਨ ਨੇ ਤਿਵੇਂ ਹੀ ਕੀਤਾ। ਉਹ ਨੇ ਉਸ ਦੇ ਦੀਵੇ ਸ਼ਮਾਦਾਨ ਦੇ ਸਾਹਮਣੇ ਬਾਲੇ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। [4]ਏਹ ਸ਼ਮਾਦਾਨ ਦੀ ਬਣਾਉਟ ਸੀ, - ਉਹ ਘੜੇ ਹੋਏ ਸੋਨੇ ਦੇ ਡੰਡੇ ਤੋਂ ਫੁੱਲਾਂ ਤੀਕ ਘੜ ਕੇ ਬਣਾਇਆ ਹੋਇਆ ਸੀ। ਉਹ ਉਸ ਨਮੂਨੇ ਉੱਤੇ ਸੀ ਜਿਹੜਾ ਯਹੋਵਾਹ ਨੇ ਮੂਸਾ ਨੂੰ ਵਿਖਾਇਆ, ਤਿਵੇਂ ਉਸ ਨੇ ਸ਼ਮਾਦਾਨ ਨੂੰ ਬਣਾਇਆ।**

**ਆਇਤਾਂ 1-4.** ਇਸ ਦੀ ਸ਼ੁਰੂਆਤ ਵਿਚ, ਇਹ ਅਧਿਆਇ **ਸ਼ਮਾਦਾਨ** ਤੇ ਧਿਆਨ ਕੇਂਦਰਿਤ ਕਰਦਾ ਹੈ (ਅੱਜ ਇਸ ਨੂੰ ਅਕਸਰ "ਮੀਨੋਰਾਹ" ਕਿਹਾ ਜਾਂਦਾ ਹੈ) ਜਿਹੜਾ ਕਿ ਡੇਹਰੇ ਵਿਚ ਪਵਿੱਤ੍ਰ ਸਥਾਨ ਵਿਚ ਖੜ੍ਹਾ ਸੀ। ਇਸ ਨੂੰ ਬਣਾਉਣ ਦੀਆਂ ਹਦਾਇਤਾਂ ਕੂਚ 25:31-40 ਵਿਚ ਦਿੱਤੀਆਂ ਗਈਆਂ ਹਨ ਅਤੇ ਇਸ ਦੇ ਘੜਣ ਦਾ ਵਿਰਤਾਂਤ ਕੂਚ 37:17-24 ਵਿਚ ਮਿਲਦਾ ਹੈ। ਕੂਚ 40:24, 25 ਅਨੁਸਾਰ, ਇਸ ਨੂੰ ਡੇਹਰੇ ਵਿਚ ਰੱਖਿਆ ਗਿਆ ਸੀ ਅਤੇ ਇਸ ਦੇ ਦੀਵੇ ਜਗਦੇ ਸਨ। ਗਿਣਤੀ 8:1-4 ਸਾਨੂੰ ਦੱਸਦੀਆਂ ਹਨ ਕਿ ਕਿਵੇਂ ਯਹੋਵਾਹ ਦੇ ਹੁਕਮ ਅਨੁਸਾਰ ਇਸ ਨੂੰ ਡੇਹਰੇ ਵਿਚ ਰੱਖਿਆ ਗਿਆ ਸੀ। ਮੂਸਾ ਨੂੰ ਹਾਰੂਨ ਨੂੰ ਇਹ ਦੱਸਣ ਦੀ ਹਦਾਇਤ ਦਿੱਤੀ ਗਈ ਸੀ, **ਜਦ ਤੂੰ ਦੀਵੇ ਬਾਲੇਂ ਤਾਂ ਓਹ ਸੱਤ ਦੀਵੇ ਸ਼ਮਾਦਾਨ ਦੇ ਸਾਹਮਣੇ ਚਾਨਣ ਦੇਣ।** ਹਾਰੂਨ ਨੇ ਪਰਮੇਸ਼ੁਰ ਦੇ ਹੁਕਮ ਨੂੰ ਮੰਨਿਆ। ਇਹ ਤੱਥ ਕਿ ਆਇਤ 3 ਕਹਿੰਦੀ ਹੈ ਕਿ ਹਾਰੂਨ ਨੇ **ਉਸ ਦੇ ਦੀਵੇ ਸ਼ਮਾਦਾਨ ਦੇ ਸਾਹਮਣੇ ਬਾਲੇ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ** ਵਾਧੂ ਸਬੂਤ ਪ੍ਰਦਾਨ ਕਰਦਾ ਹੈ ਕਿ ਗਿਣਤੀ ਦੀ ਪੁਸਤਕ ਦਾ ਇਹ ਭਾਗ ਉਸ ਦਿਨ ਦੇ ਬਾਰੇ ਦੱਸਦਾ ਹੈ ਜਦੋਂ ਤੰਬੂ ਨੂੰ ਖੜ੍ਹਾ ਕੀਤਾ ਗਿਆ ਸੀ, ਅਧਿਆਇ 1 ਵਿਚ ਕੀਤੀ ਗਈ ਗਿਣਤੀ ਤੋਂ ਇਕ ਮਹੀਨਾ ਪਹਿਲਾਂ। ਇਹ ਪੈਰ੍ਹਾ ਸ਼ਮਾਦਾਨ ਦੇ ਵਰਣਨ ਨਾਲ ਖਤਮ ਹੁੰਦਾ ਹੈ, ਇਹ ਦੱਸਦੇ ਹੋਏ ਕਿ **ਇਹ**

**ਘੜੇ ਹੋਏ ਸੋਨੇ ਦੇ ਡੰਡੇ ਤੋਂ ਫੁੱਲਾਂ ਤੀਕ ਘੜ ਕੇ ਬਣਾਇਆ ਗਿਆ ਹੋਇਆ ਸੀ ਅਤੇ ਉਸ ਨਮੂਨੇ ਉੱਤੇ ਜਿਹੜਾ ਯਹੋਵਾਹ ਨੇ ਮੂਸਾ ਨੂੰ ਵਿਖਾਇਆ ਸੀ।**

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਦੇ ਹੁਕਮ ਦਾ ਮੁੱਖ ਬਿੰਦੂ ਇਹ ਯਕੀਨੀ ਬਣਾਉਣਾ ਸੀ ਕਿ ਸ਼ਮਾਦਾਨ ਤੇ ਲੱਗੇ ਵਿਅਕਤੀਗਤ ਦੀਵੇ ਇਸ ਤਰੀਕੇ ਨਾਲ ਲਗਾਏ ਜਾਣ ਕਿ ਉਹ "ਸ਼ਮਾਦਾਨ ਦੇ ਸਾਹਮਣੇ ਚਾਨਣ ਦੇਣ," ਉਨ੍ਹਾਂ ਹਦਾਇਤਾਂ ਅਨੁਸਾਰ ਜੋ ਕੂਚ 25:37 ਵਿਚ ਦਿੱਤੀਆਂ ਗਈਆਂ ਸਨ। ਡੇਹਰੇ ਦੇ ਅੰਦਰ ਜੋ ਚਾਨਣ ਹੁੰਦਾ ਸੀ ਉਹ ਸਿਰਫ ਉਨ੍ਹਾਂ ਸੱਤ ਦੀਵਿਆਂ ਤੋਂ ਆਉਂਦਾ ਸੀ ਜੋ ਇਸ ਸ਼ਮਾਦਾਨ ਤੇ ਲੱਗੇ ਹੋਏ ਸਨ। ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਦੀਵੇ ਨਿੱਤ ਜਗਦੇ ਰਹਿਣ (ਲੇਵੀਆਂ 24:1-4) ਅਤੇ ਇਹ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਲਗਾਇਆ ਜਾਵੇ ਕਿ ਉਹ ਪਵਿੱਤਰ ਅਸਥਾਨ ਵਿਚ ਪਾਏ ਜਾਣ ਵਾਲੇ ਬਾਕੀ ਦੇ ਸਾਮਾਨ - ਹਜ਼ੂਰੀ ਦੀ ਰੋਟੀ ਦੀ ਮੇਜ਼ ਅਤੇ ਧੂਪ ਦੀ ਜਗਵੇਦੀ - ਨੂੰ ਵੀ ਚਾਨਣ ਦੇਣ।

ਇਸ ਥਾਂ ਤੇ ਇਸ ਪੈਰ੍ਹੇ ਨੂੰ ਕਿਉਂ ਸ਼ਾਮਲ ਕੀਤਾ ਗਿਆ ਹੈ ਇਸ ਦੇ ਬਾਰੇ ਸਾਨੂੰ ਨਹੀਂ ਪਤਾ। 7:89 ਦੇ ਵਾਂਗ, ਇਹ ਆਇਤਾਂ ਪਹਿਲਾਂ ਦਿੱਤੇ ਗਏ ਵਾਅਦਿਆਂ ਅਤੇ ਹੁਕਮਾਂ ਨੂੰ ਪੂਰਾ ਕਰਨ ਵੱਲ ਇਸ਼ਾਰਾ ਕਰਦੀਆਂ ਹਨ।[1] ਲੇਖਕ ਦੇ ਲਈ ਪਰਮੇਸ਼ੁਰ ਦੇ ਪ੍ਰਤੀ ਹਾਰੂਨ ਦੀ ਆਗਿਆਕਾਰੀ ਦੇ ਬਾਰੇ ਟਿੱਪਣੀ ਕਰਨਾ ਉਚਿਤ ਸੀ "ਉਸ ਵਿਰਤਾਂਤ ਦੇ ਜੋ ਗੋਤ ਦੇ ਰਾਜਕੁਮਾਰਾਂ ਨੇ ਜਗਵੇਦੀ ਦੀ ਸੇਵਾ ਦੀ ਚੱਠ ਦੇ ਲਈ ਕੀਤਾ ਸੀ ... ਅਤੇ ਲੇਵੀਆਂ ਦੇ ਉਨ੍ਹਾਂ ਦੀ ਪਵਿੱਤਰ ਅਸਥਾਨ ਵਿਚ ਸੇਵਾ ਦੇ ਸੰਜੀਦਾ ਉਦਘਾਟਨ ਵਿਚਕਾਰ।"[2] ਇੱਥੇ ਸ਼ਮਾਦਾਨ ਦਾ ਜ਼ਿਕਰ ਕਰਨ ਦਾ ਕਾਰਣ ਭਾਵੇਂ ਕੋਈ ਵੀ ਰਿਹਾ ਹੋਵੇ, ਹਾਰੂਨ ਦੇ ਦੀਵਿਆਂ ਨੂੰ ਲਗਾਉਣ ਦਾ ਵਿਰਤਾਂਤ ਡੇਹਰੇ ਤੇ ਭਾਗ ਦੇ ਜ਼ੋਰ ਨੂੰ ਜਾਰੀ ਰੱਖਦਾ ਹੈ।

## ਲੇਵੀਆਂ ਦਾ ਪਵਿੱਤ੍ਰ ਕੀਤਾ ਜਾਣਾ (8:5-26)

**5ਫੇਰ ਯਹੋਵਾਹ ਮੂਸਾ ਨੂੰ ਬੋਲਿਆ, 6ਲੇਵੀਆਂ ਨੂੰ ਇਸਰਾਏਲੀਆਂ ਵਿੱਚੋਂ ਲੈ ਕੇ ਪਵਿੱਤ੍ਰ ਕਰ 7ਅਤੇ ਉਨ੍ਹਾਂ ਨੂੰ ਪਵਿੱਤ੍ਰ ਕਰਨ ਲਈ ਇਉਂ ਕਰੀਂ ਭਈ ਉਨ੍ਹਾਂ ਉੱਤੇ ਪਾਪ ਤੋਂ ਸ਼ੁੱਧ ਕਰਨ ਵਾਲਾ ਪਾਣੀ ਛਿੜਕ ਦੇਹ ਅਤੇ ਉਨ੍ਹਾਂ ਦੇ ਸਾਰੇ ਸਰੀਰ ਉੱਤੇ ਉਸਤਰਾਂ ਫਿਰਾ ਦੇਹ ਅਤੇ ਓਹ ਆਪਣੇ ਬਸਤ੍ਰ ਧੋਣ, ਇਉਂ ਓਹ ਸਾਫ਼ ਹੋਣ। 8ਫੇਰ ਓਹ ਇੱਕ ਵਹਿੜਾ ਲੈਣ ਨਾਲੇ ਉਸ ਦੀ ਮੈਦੇ ਦੀ ਭੇਟ ਮਹੀਨ ਮੈਦਾ ਤੇਲ ਨਾਲ ਮੱਸਿਆ ਹੋਇਆ ਅਤੇ ਤੂੰ ਦੂਜਾ ਵਹਿੜਾ ਪਾਪ ਦੀ ਬਲੀ ਲਈ ਲਵੀਂ। 9ਫੇਰ ਲੇਵੀਆਂ ਨੂੰ ਮੰਡਲੀ ਦੇ ਤੰਬੂ ਦੇ ਅੱਗੇ ਹਾਜ਼ਰ ਕਰੀਂ ਨਾਲੇ ਇਸਰਾਏਲੀਆਂ ਦੀ ਸਾਰੀ ਮੰਡਲੀ ਨੂੰ ਇਕੱਠਾ ਕਰੀਂ 10ਅਤੇ ਲੇਵੀਆਂ ਨੂੰ ਯਹੋਵਾਹ ਦੇ ਅੱਗੇ ਹਾਜ਼ਰ ਕਰੀਂ ਤਾਂ ਇਸਰਾਏਲੀ ਲੇਵੀਆਂ ਉੱਤੇ ਆਪਣੇ ਹੱਥ ਧਰਨ 11ਅਤੇ ਹਾਰੂਨ ਉਨ੍ਹਾਂ ਲੇਵੀਆਂ ਨੂੰ ਯਹੋਵਾਹ ਅੱਗੇ ਇਸਰਾਏਲੀਆਂ ਵੱਲੋਂ ਹਿਲਾਉਣ ਦੀ ਭੇਟ ਕਰਕੇ ਚੜ੍ਹਾਵੇ ਤਾਂ ਜੋ ਓਹ ਯਹੋਵਾਹ ਦੀ ਸੇਵਾ ਦਾ ਕੰਮ ਕਰਨ। 12ਫੇਰ ਲੇਵੀ ਆਪਣੇ ਹੱਥ ਵਹਿੜਿਆਂ ਦੇ ਸਿਰਾਂ ਉੱਤੇ ਧਰਨ ਅਤੇ ਤੂੰ ਇੱਕ ਨੂੰ ਪਾਪ ਦੀ ਬਲੀ ਲਈ ਅਤੇ ਦੂਜੇ ਨੂੰ ਹੋਮ ਦੀ ਭੇਟ ਲਈ ਚੜ੍ਹਾ ਤਾਂ ਜੋ ਉਹ ਲੇਵੀਆਂ ਦਾ ਪਰਾਸਚਿਤ ਹੋਵੇ। 13ਤਾਂ ਤੂੰ ਲੇਵੀਆਂ ਨੂੰ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਅੱਗੇ ਖੜਾ ਕਰੀਂ ਅਤੇ ਤੂੰ ਉਨ੍ਹਾਂ ਨੂੰ ਹਿਲਾਉਣ ਦੀ ਭੇਟ ਲਈ ਯਹੋਵਾਹ ਅੱਗੇ ਚੜ੍ਹਾਈਂ। 14ਇਉਂ ਤੂੰ ਲੇਵੀਆਂ ਨੂੰ ਇਸਰਾਏਲੀਆਂ ਵਿੱਚੋਂ ਵੱਖਰਾ ਕਰੀਂ ਸੋ ਓਹ ਲੇਵੀ ਮੇਰੇ ਹੋਣਗੇ 15ਅਤੇ ਏਸ ਦੇ ਮਗਰੋਂ ਲੇਵੀ ਮੰਡਲੀ ਦੇ ਤੰਬੂ ਵਿੱਚ ਜਾ ਕੇ ਸੇਵਾ ਕਰਨ ਅਤੇ ਇਉਂ ਉਨ੍ਹਾਂ ਨੂੰ ਸਾਫ਼ ਕਰੀਂ ਅਤੇ ਉਨ੍ਹਾਂ ਨੂੰ ਹਿਲਾਉਣ ਦੀ ਭੇਟ ਕਰਕੇ ਚੜ੍ਹਾਵੀਂ। 16ਕਿਉਂ ਜੋ ਏਹ ਇਸਰਾਏਲੀਆਂ ਵਿੱਚੋਂ ਉੱਕੇ ਹੀ ਸਾਰੇ ਕੁੱਖ ਖੋਲ੍ਹਣ ਵਾਲਿਆਂ ਦੇ ਥਾਂ ਅਰਥਾਤ ਇਸਰਾਏਲੀਆਂ ਦੇ ਪਲੋਠਿਆਂ ਦੇ ਥਾਂ ਮੈਨੂੰ ਦਿੱਤੇ ਗਏ ਹਨ, ਮੈਂ ਉਨ੍ਹਾਂ ਨੂੰ ਆਪਣੇ ਲਈ ਲਿਆ ਹੈ। 17ਕਿਉਂ ਜੋ**

**ਇਸਰਾਏਲੀਆਂ ਦੇ ਸਾਰੇ ਪਲੋਠੇ ਮੇਰੇ ਹਨ, ਕੀ ਆਦਮੀ ਦਾ ਕੀ ਡੰਗਰ ਦਾ। ਜਿਸ ਦਿਨ ਤੋਂ ਮਿਸਰ ਦੇਸ ਦਿਆਂ ਸਾਰਿਆਂ ਪਲੋਠਿਆਂ ਨੂੰ ਮਾਰਿਆ ਮੈਂ ਉਨ੍ਹਾਂ ਨੂੰ ਆਪਣੇ ਲਈ ਪਵਿੱਤ੍ਰ ਕੀਤਾ।**
**[18]ਇਉਂ ਮੈਂ ਲੇਵੀਆਂ ਨੂੰ ਇਸਰਾਏਲੀਆਂ ਦੇ ਸਾਰੇ ਪਲੋਠਿਆਂ ਦੇ ਥਾਂ ਲਿਆ ਹੈ। [19]ਮੈਂ ਹਾਰੂਨ ਅਰ**
**ਉਸ ਦੇ ਪੁੱਤ੍ਰਾਂ ਲਈ ਇਸਰਾਏਲੀਆਂ ਵਿੱਚੋਂ ਲੇਵੀ ਦਾਨ ਦਿੱਤੇ ਹਨ। ਉਹ ਮੰਡਲੀ ਦੇ ਤੰਬੂ ਵਿੱਚ ਇਸਰਾਏਲੀਆਂ ਲਈ ਸੇਵਾ ਕਰਨ ਨਾਲੇ ਇਸਰਾਏਲੀਆਂ ਲਈ ਪਰਾਸਚਿਤ ਕਰਨ ਤਾਂ ਜੋ ਕੋਈ ਬਵਾ ਇਸਰਾਏਲੀਆਂ ਵਿੱਚ ਜਦ ਇਸਰਾਏਲੀ ਪਵਿੱਤ੍ਰ ਅਸਥਾਨ ਦੇ ਨੇੜੇ ਆਉਣ ਨਾ ਪਵੇ।**
**[20]ਮੂਸਾ, ਹਾਰੂਨ ਅਤੇ ਇਸਰਾਏਲ ਦੀ ਸਾਰੀ ਮੰਡਲੀ ਨੇ ਲੇਵੀਆਂ ਨਾਲ ਏਵੇਂ ਹੀ ਕੀਤਾ। ਜਿਵੇਂ ਯਹੋਵਾਹ ਨੇ ਮੂਸਾ ਨੂੰ ਲੇਵੀਆਂ ਵਿਖੇ ਹੁਕਮ ਦਿੱਤਾ ਸੀ ਤਿਵੇਂ ਇਸਰਾਏਲੀਆਂ ਨੇ ਉਨ੍ਹਾਂ ਦੇ ਨਾਲ**
**ਕੀਤਾ। [21]ਤਾਂ ਲੇਵੀਆਂ ਨੇ ਆਪਣੇ ਆਪ ਨੂੰ ਪਵਿੱਤ੍ਰ ਕੀਤਾ ਅਤੇ ਆਪਣੇ ਬਸਤ੍ਰ ਧੋਤੇ। ਤਦ ਹਾਰੂਨ ਨੇ ਉਨ੍ਹਾਂ ਨੂੰ ਯਹੋਵਾਹ ਅੱਗੇ ਹਿਲਾਉਣ ਦੀ ਭੇਟ ਕਰਕੇ ਚੜ੍ਹਾਇਆ ਅਤੇ ਹਾਰੂਨ ਨੇ ਉਨ੍ਹਾਂ ਦੀ**
**ਪਵਿੱਤ੍ਰਤਾਈ ਲਈ ਪਰਾਸਚਿਤ ਕੀਤਾ। [22]ਏਸ ਦੇ ਮਗਰੋਂ ਓਹ ਲੇਵੀ ਸੇਵਾ ਦੇ ਕੰਮ ਲਈ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਦੇ ਅੱਗੇ ਮੰਡਲੀ ਦੇ ਤੰਬੂ ਵਿੱਚ ਵੜੇ। ਜਿਵੇਂ ਯਹੋਵਾਹ ਨੇ ਮੂਸਾ ਨੂੰ ਲੇਵੀਆਂ**
**ਵਿਖੇ ਹੁਕਮ ਦਿੱਤਾ ਸੀ ਤਿਵੇਂ ਹੀ ਓਹਨਾਂ ਨੇ ਉਨ੍ਹਾਂ ਨਾਲ ਕੀਤਾ। [23]ਯਹੋਵਾਹ ਮੂਸਾ ਨੂੰ ਬੋਲਿਆ,**
**[24]ਲੇਵੀਆਂ ਲਈ ਏਹ ਹੈ ਕਿ ਪੰਝੀਆਂ ਵਰਿਹਾਂ ਤੋਂ ਉੱਪਰ ਓਹ ਮੰਡਲੀ ਦੇ ਤੰਬੂ ਵਿੱਚ ਸੇਵਾ ਦੇ ਕੰਮ**
**ਨੂੰ ਲੱਗੇ ਰਹਿਣ [25]ਅਤੇ ਪੰਜਾਹ ਵਰਿਹਾਂ ਤੋਂ ਓਹ ਸੇਵਾ ਦੇ ਕੰਮ ਤੋਂ ਰਹਿਤ ਕੀਤੇ ਜਾਣ ਅਤੇ ਓਹ**
**ਹੋਰ ਸੇਵਾ ਦਾ ਕੰਮ ਨਾ ਕਰਨ। [26]ਪਰ ਓਹ ਆਪਣੇ ਭਰਾਵਾਂ ਦੀ ਸੇਵਾ ਮੰਡਲੀ ਦੇ ਤੰਬੂ ਵਿੱਚ ਇਉਂ ਕਰਨ ਭਈ ਓਹ ਆਪਣੀਆਂ ਜੁੰਮੇਵਾਰੀਆਂ ਪੂਰੀਆਂ ਕਰਨ ਪਰ ਓਹ ਆਪ ਸੇਵਾ ਦਾ ਕੰਮ ਨਾ ਕਰਨ। ਇਉਂ ਲੇਵੀਆਂ ਦੀਆਂ ਜੁੰਮੇਵਾਰੀਆਂ ਨੂੰ ਠਹਿਰਾਵੀਂ।**

**ਆਇਤਾਂ 5-8.** ਅਧਿਆਇ 8 ਦਾ ਦੂਜਾ ਅਤੇ ਵੱਡਾ ਭਾਗ **ਲੇਵੀਆਂ** ਨਾਲ ਅਤੇ ਉਸ ਕੰਮ ਦੇ ਲਈ ਉਨ੍ਹਾਂ ਦੇ ਪਵਿੱਤ੍ਰ ਕੀਤੇ ਜਾਣ ਸੰਬੰਧਤ ਹੈ ਜਿਸ ਲਈ ਉਨ੍ਹਾਂ ਨੂੰ ਵੱਖਰਾ ਕੀਤਾ ਗਿਆ ਸੀ। ਪੁਸਤਕ ਵਿਚ ਪਹਿਲਾਂ, ਸਾਨੂੰ ਦੱਸਿਆ ਗਿਆ ਸੀ (1) ਕਿ ਲੇਵੀਆਂ ਨੂੰ ਗਿਣਤੀ ਵਿਚ ਨਹੀਂ ਸੀ ਗਿਣਿਆ ਗਿਆ ਕਿਉਂਕਿ ਪਰਮੇਸ਼ੁਰ ਦੀ ਪਰਜਾ ਵਿਚ ਉਨ੍ਹਾਂ ਦੀ ਇਕ ਖ਼ਾਸ ਭੂਮਿਕਾ ਹੋਵੇਗੀ (1:47-54; 2:33); (2) ਪ੍ਰਬੰਧ, ਗਿਣਤੀ ਅਤੇ ਵਿਸ਼ੇਸ਼ ਲੇਵੀਆਂ ਦੇ ਘਰਾਣਿਆਂ ਦੀਆਂ ਜ਼ਿੰਮੇਵਾਰੀਆਂ ਬਾਰੇ (3:1-39; 4:1-49) ਅਤੇ (3) ਇਹ ਕਿ ਲੇਵੀਆਂ ਨੂੰ ਕੌਮ ਦੇ ਪਲੋਠਿਆਂ ਦੀ ਥਾਂ ਪਰਮੇਸ਼ੁਰ ਨੂੰ ਦਿੱਤਾ ਗਿਆ ਸੀ (3:40-51)। ਇਹ ਅਧਿਆਇ ਵਰਣਨ ਕਰਦਾ ਹੈ ਕਿ ਕਿਵੇਂ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦੇ ਲਈ ਪਵਿੱਤ੍ਰ ਕੀਤਾ ਗਿਆ ਅਤੇ ਉਨ੍ਹਾਂ ਦੇ ਬਾਰੇ ਹੋਰ ਜਾਣਕਾਰੀ ਦਿੱਤੀ ਗਈ ਸੀ।

ਵਰਣਨ ਕੀਤੀ ਗਈ ਰਸਮ ਬਾਰੇ ਦੋ ਸਵਾਲਾਂ ਦਾ ਜਵਾਬ ਸਪੱਸ਼ਟ ਰੂਪ ਨਾਲ ਨਹੀਂ ਦਿੱਤਾ ਗਿਆ ਹੈ: (1) ਕੀ ਇਹ ਇੱਕੋ ਵਾਰ ਕੀਤੀ ਜਾਣ ਵਾਲੀ ਰਸਮ ਸੀ ਜਾਂ ਇਹ ਅਜਿਹੀ ਰਸਮ ਸੀ ਜਿਹੜੀ ਹਰ ਵਾਰ ਵਰਤੇ ਜਾਣ ਦੇ ਲਈ ਬਣਾਈ ਗਈ ਸੀ ਜਦੋਂ ਇਕ ਲੇਵੀ ਨੂੰ ਯਹੋਵਾਹ ਦੇ ਲਈ ਅਰਪਣ ਕੀਤਾ ਜਾਂਦਾ ਸੀ? ਇਸ ਹਵਾਲੇ ਤੋਂ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਰਸਮ ਇੱਕੋ ਵਾਰ ਕੀਤੀ ਜਾਣ ਵਾਲੀ ਰਸਮ ਹੈ। (2) ਕੀ ਸਾਰੇ ਲੇਵੀ (ਉਨ੍ਹਾਂ ਵਿੱਚੋਂ 22,000; 3:39) ਇਸ ਰਸਮ ਵਿਚ ਸ਼ਾਮਲ ਹੋਏ ਸਨ ਅਤੇ ਕੀ ਸਾਰੀ ਮੰਡਲੀ ਇਸ ਰਸਮ ਨੂੰ ਵੇਖਦੀ ਸੀ ਜਦੋਂ ਇਹ ਰਸਮ ਕੀਤੀ ਜਾਂਦੀ ਸੀ? ਇਸ ਦੇ ਬਾਰੇ ਦਿੱਤੇ ਗਏ ਵੇਰਵੇ ਅਨਿਸ਼ਚਤ ਹਨ, ਪਰ ਸੰਭਵ ਤੌਰ ਤੇ ਪਵਿੱਤ੍ਰ ਕੀਤੇ ਜਾਣ ਦੀ ਰਸਮ ਵਿਚ ਦੋਹਾਂ ਗੁੱਟਾਂ ਦੇ ਨੁਮਾਇੰਦੇ ਅਰਥਾਤ ਮੰਡਲੀ ਅਤੇ ਲੇਵੀ ਸ਼ਾਮਲ ਹੁੰਦੇ ਸਨ।

ਪਰਮੇਸ਼ੁਰ ਨੇ ਇਸ ਰਸਮ ਦੇ ਲਈ ਹਦਾਇਤਾਂ ਦਿੱਤੀਆਂ ਜਿਨ੍ਹਾਂ ਅਨੁਸਾਰ ਲੇਵੀਆਂ ਨੇ

ਪਵਿੱਤ੍ਰ ਕੀਤੇ ਜਾਣਾ ਸੀ। ਉਨ੍ਹਾਂ ਨੇ **ਸ਼ੁੱਧ ਕਰਨ ਵਾਲੇ ਪਾਣੀ** ਨਾਲ **ਸਾਫ਼** ਕੀਤੇ ਜਾਣਾ ਸੀ। ਉਨ੍ਹਾਂ ਦੇ **ਬਸਤ੍ਰ** ਧੋਤੇ ਜਾਣੇ ਸਨ, ਉਨ੍ਹਾਂ ਦੇ **ਸਾਰੇ ਸਰੀਰ ਉੱਤੇ ਉਸਤਰਾ ਫੇਰਿਆ** ਜਾਣਾ ਸੀ ਅਤੇ ਉਨ੍ਹਾਂ ਨੂੰ ਬਲੀ ਕਰਨ ਦੇ ਲਈ ਦੋ ਵਹਿੜੇ ਦਿੱਤੇ ਜਾਣੇ ਸਨ: ਇਕ **ਵਹਿੜਾ ਉਸ ਦੀ ਮੈਦੇ ਦੀ ਭੇਟ ਮਹੀਨ ਮੈਦਾ ਤੇਲ ਨਾਲ ਮੱਸਿਆ ਹੋਇਆ ਅਤੇ ਦੂਜਾ ਵਹਿੜਾ ਪਾਪ ਦੀ ਬਲੀ ਲਈ।**

**ਆਇਤਾਂ 9-13.** ਫਿਰ **ਲੇਵੀਆਂ ਨੂੰ ਮੰਡਲੀ ਦੇ ਤੰਬੂ ਦੇ ਅੱਗੇ, ਯਹੋਵਾਹ ਦੇ ਅੱਗੇ** ਅਤੇ **ਇਸਰਾਏਲੀਆਂ ਦੀ ਸਾਰੀ ਮੰਡਲੀ** ਜਿਸ ਨੂੰ ਉੱਥੇ **ਇਕੱਠਾ** ਕੀਤਾ ਜਾਣਾ ਸੀ ਹਾਜ਼ਰ ਕਰਨਾ ਸੀ। ਇਸ ਅਧਿਆਇ ਵਿਚ ਚਾਰ ਵਾਰ, ਲਿਖਤ ਕਹਿੰਦੀ ਹੈ ਕਿ ਲੇਵੀਆਂ ਨੂੰ ਯਹੋਵਾਹ ਅੱਗੇ **ਹਿਲਾਉਣ ਦੀ ਭੇਟ** ਦੇ ਰੂਪ ਵਿਚ ਹਾਜ਼ਰ ਕੀਤਾ ਜਾਣਾ ਸੀ (8:11, 13, 15, 21; 6:19, 20 ਤੇ ਟਿੱਪਣੀਆਂ ਵੇਖੋ)। ਅਸਲ ਵਿਚ ਇਸ ਭਾਸ਼ਾ ਦਾ ਕੀ ਅਰਥ ਹੈ ਇਹ ਸਪੱਸ਼ਟ ਨਹੀਂ ਹੈ। ਇਹ (1) ਲੇਵੀਆਂ ਦੁਆਰਾ ਪਵਿੱਤਰ ਅਸਥਾਨ ਵੱਲ ਨੂੰ ਜਾਣ ਅਤੇ ਵਾਪਸ ਆਉਣ[3]; (2) ਇਕ ਇਸ਼ਾਰਾ ਜੋ ਜਾਜਕ ਦੁਆਰਾ ਕੀਤਾ ਜਾਂਦਾ ਸੀ, ਸ਼ਾਇਦ ਲੇਵੀਆਂ ਤੇ ਉਸ ਦਾ ਹੱਥ ਰੱਖਣ ਦੁਆਰਾ ਅਤੇ ਉਨ੍ਹਾਂ ਨੂੰ ਯਹੋਵਾਹ ਦੇ ਅੱਗੇ "ਹਿਲਾਉਣ"; (3) ਜਾਂ ਕਿਸੇ ਹੋਰ ਪ੍ਰਤੀਕਾਤਮਕ "ਹਿਲਾਉਣ" ਦਾ ਹਵਾਲਾ ਦੇ ਸਕਦਾ ਹੈ। ਕਿਉਂਕਿ ਉਹ ਭੇਟ ਜੋ ਹਿਲਾਈ ਜਾਂਦੀ ਸੀ ਅਤੇ ਇਸ ਤਰ੍ਹਾਂ ਕਰਕੇ ਯਹੋਵਾਹ ਦੇ ਅੱਗੇ ਚੜ੍ਹਾਈ ਜਾਂਦੀ ਸੀ ਅਤੇ ਫਿਰ ਇਹ ਭੇਟ ਜਾਜਕਾਂ ਦੁਆਰਾ ਖਾਧੀ ਜਾਂਦੀ ਸੀ, ਲੇਵੀਆਂ ਦਾ "ਹਿਲਾਉਣਾ" ਇਸ ਤੱਥ ਦਾ ਪ੍ਰਤੀਕ ਸੀ ਕਿ ਉਹ ਜਾਜਕਾਂ ਦੀ ਮਦਦ ਕਰਨ ਦੇ ਲਈ ਯਹੋਵਾਹ ਅੱਗੇ ਸਮਰਪਿਤ ਕੀਤੇ ਗਏ ਸਨ। ਭੇਟ ਜੋ "ਹਿਲਾਈ" ਗਈ ਸੀ ਜਗਵੇਦੀ ਤੇ ਨਹੀਂ ਸੀ ਸਾੜੀ ਗਈ; ਇਸ ਲਈ, ਇਹ ਤੱਥ ਕਿ ਲੇਵੀਆਂ ਦੀ "ਹਿਲਾਉਣ ਵਾਲੀ ਭੇਟ" ਨਾਲ ਤੁਲਨਾ ਕਰਨ ਦਾ ਉਦੇਸ਼ ਇਹ ਸ਼ਪੱਸ਼ਟ ਕਰਨਾ ਸੀ ਕਿ ਲੇਵੀਆਂ ਨੂੰ ਹੋਮ ਦੀ ਬਲੀ ਦੇ ਰੂਪ ਵਿਚ ਕੁਰਬਾਨ ਨਹੀਂ ਸੀ ਕੀਤਾ ਜਾਣਾ।[4]

ਲੇਵੀਆਂ ਨੂੰ "ਹਿਲਾਉਣ ਦੀ ਭੇਟ" ਦੇ ਰੂਪ ਵਿਚ ਹਾਜ਼ਰ ਕਰਨ ਵਿਚ, ਮੰਡਲੀ **ਉਨ੍ਹਾਂ ਉੱਤੇ ਆਪਣੇ ਹੱਥ ਧਰੇਗੀ** (ਸ਼ਾਇਦ ਉਨ੍ਹਾਂ ਮਨੁੱਖਾਂ ਦੇ ਰਾਹੀਂ ਜਿਹੜੇ ਵੱਖ-ਵੱਖ ਗੋਤਾਂ ਦੀ ਨੁਮਾਇੰਦਗੀ ਕਰਦੇ ਸਨ)। ਅੰਤ ਵਿਚ, **ਲੇਵੀ ਵਹਿੜਿਆਂ ਦੇ ਸਿਰਾਂ ਉੱਤੇ ਆਪਣੇ ਹੱਥ ਧਰਨਗੇ** ਇਸ ਤੋਂ ਪਹਿਲਾਂ ਕਿ ਜਾਨਵਰਾਂ ਨੂੰ ਬਲੀ ਕੀਤਾ ਜਾਂਦਾ, **ਇੱਕ ਨੂੰ ਪਾਪ ਦੀ ਬਲੀ ਲਈ ਅਤੇ ਦੂਜੇ ਨੂੰ ਹੋਮ ਦੀ ਭੇਟ ਲਈ** ਤਾਂ ਜੋ ਉਹ ਉਨ੍ਹਾਂ ਦੇ ਲਈ ਪਰਾਸਚਿਤ ਹੋਵੇ।

ਇਹ ਸਾਰੀਆਂ ਗੱਲਾਂ ਕੀਤੀਆਂ ਜਾਣੀਆਂ ਸਨ ਤਾਂ ਜੋ ਲੇਵੀ **ਯਹੋਵਾਹ ਦੀ ਸੇਵਾ ਦਾ ਕੰਮ ਕਰਨ।** ਪਾਪ ਦੀਆਂ ਬਲੀਆਂ ਅਤੇ ਹੋਮ ਦੀਆਂ ਭੇਟਾਂ ਨੇ ਲੇਵੀਆਂ ਦੇ ਪਾਪਾਂ ਨੂੰ ਢੱਕਣ ਦੁਆਰਾ ਉਨ੍ਹਾਂ ਦੇ ਲਈ ਪਰਾਸਚਿਤ ਨਹੀਂ ਕੀਤਾ। ਬਲਕਿ, ਬਲੀਆਂ ਨੂੰ ਚੜ੍ਹਾਉਣ ਨੇ ਉਨ੍ਹਾਂ ਨੂੰ ਸ਼ੁੱਧ ਕੀਤਾ, ਜਾਂ ਉਨ੍ਹਾਂ ਨੂੰ ਰਸਮੀ ਤੌਰ ਤੇ ਸਾਫ਼ ਕੀਤਾ, ਉਸੇ ਭਾਵ ਵਿਚ ਜਿਵੇਂ ਨਿਰਜੀਵ ਚੀਜ਼ਾਂ ਜਿਵੇਂ ਕਿ ਜਗਵੇਦੀ ਅਤੇ ਮੰਡਲੀ ਦਾ ਤੰਬੂ ਸ਼ੁੱਧ ਕੀਤੇ ਗਏ ਸਨ (ਕੂਚ 29:36, 37; 30:10; ਲੇਵੀਆਂ 8:15; 14:53; 16:15-20; ਹਿਜ਼ਕੀਏਲ 43:20, 26; 45:20) ਅਤੇ ਜਾਜਕਾਂ ਨੂੰ ਪਵਿੱਤ੍ਰ ਕੀਤਾ ਗਿਆ ਸੀ (ਲੇਵੀਆਂ 8:34)। ਸ਼ਾਇਦ "ਢੱਕਣ" ਦਾ ਵਿਚਾਰ ਜੋ ਕਿ ਪਰਾਸਚਿਤ ਦੇ ਲਈ ਵਚਨ ਵਿਚ ਜਨਮਸਿੱਧ ਹੈ ਇਹ ਇਸ਼ਾਰਾ ਕਰਦਾ ਹੈ ਕਿ ਉਨ੍ਹਾਂ ਦਾ ਰਸਮੀ ਤੌਰ ਤੇ ਸਾਫ਼ ਕੀਤਾ ਜਾਣਾ ਲੇਵੀਆਂ ਅਤੇ ਜਾਜਕਾਂ ਨੂੰ "ਢੱਕ" ਲਵੇਗਾ ਅਤੇ ਉਨ੍ਹਾਂ ਨੂੰ ਯਹੋਵਾਹ ਦੁਆਰਾ ਨਾਸ ਹੋਣ ਤੋਂ ਬਚਾ ਕੇ ਰੱਖੇਗਾ ਜਦੋਂ ਉਹ ਡੇਰਹੇ ਵਿਚ ਉਸ ਦੀ ਸੇਵਾ ਟਹਿਲ ਕਰਦੇ ਸਨ।

**ਆਇਤ 14.** ਲੇਵੀਆਂ ਨੂੰ ਕਿਉਂ ਪਵਿੱਤ੍ਰ ਕੀਤਾ ਜਾਣਾ ਸੀ? ਪਰਮੇਸ਼ੁਰ ਨੇ ਉਨ੍ਹਾਂ ਨੂੰ ਦੂਜੇ ਗੋਤਾਂ ਨਾਲੋਂ ਵੱਖਰਾ ਕਰਨ ਦੇ ਲਈ ਆਖਿਆ ਸੀ ਕਿਉਂਕਿ ਉਹ ਉਸ ਦੇ ਸਨ। ਉਸ ਨੇ ਫ਼ਰਮਾਨ ਜਾਰੀ ਕੀਤਾ ਕਿ **ਲੇਵੀ ਮੇਰੇ ਹੋਣਗੇ।** "ਵੱਖਰਾ" (בָּדַל, *ਬਾਦਲ)* ਸ਼ਬਦ ਦਾ ਅਨੁਵਾਦ "ਵੱਖ

ਕਰਨਾ" ਜਾਂ "ਫ਼ਰਕ ਦਰਸਾਉਣਾ" ਵੀ ਕੀਤਾ ਗਿਆ ਹੈ। ਇਹ ਵੱਖ-ਵੱਖ ਚੀਜ਼ਾਂ ਵਿਚਕਾਰ ਫ਼ਰਕ ਦਰਸਾਉਣ (ਲੇਵੀਆਂ 10:9, 10; 11:47; 20:25), ਇਕ ਸਮੂਹ ਵਿੱਚੋਂ ਚੁਣਨ (ਲੇਵੀਆਂ 20:24, 26; ਗਿਣਤੀ 8:14; 16:9), ਜਾਂ ਆਪਣੇ ਆਪ ਨੂੰ ਵੱਖਰਾ ਕਰਨ ਦੇ ਲਈ (ਅਜ਼ਰਾ 6:21; 9:1; 10:11) ਵਰਤਿਆ ਗਿਆ ਹੈ। *ਬਾਦਲ* ਸ਼ਬਦ ਵੱਖਰੇਪਣ, ਜਾਂ "ਵੱਖ ਕੀਤੇ ਜਾਣ" ਦੀ ਧਾਰਣਾ ਨੂੰ ਪਰਗਟ ਕਰਦਾ ਹੈ, ਜਿਹੜੀ ਕਿ ਇਸਰਾਏਲ ਦੇ ਧਰਮ ਦੇ ਕੇਂਦਰ ਵਿਚ ਸੀ। ਅਜਿਹਾ ਹੀ ਇਕ ਸ਼ਬਦ קָדַשׁ *(ਕਾਦਾਸ਼)* ਹੈ ਜਿਸ ਦਾ ਅਨੁਵਾਦ "ਅਰਪਣ ਕਰਨਾ," "ਪਵਿੱਤ੍ਰ ਕਰਨਾ," ਜਾਂ "ਪਵਿੱਤਰ ਬਣਾਉਣਾ" ਕੀਤਾ ਗਿਆ ਹੈ (ਵੇਖੋ 8:17)। ਇਕ ਹੋਰ ਸ਼ਬਦ נָזַר *(ਨਜ਼ਰ)* ਹੈ ਜਿਸ ਦਾ ਅਨੁਵਾਦ ਅਧਿਆਇ 6 ਵਿਚ "ਵੱਖ ਕਰ" ਕੀਤਾ ਗਿਆ ਹੈ। ਲੇਵੀ ਦੀ ਅੰਸ ਨੂੰ ਇਸ ਵਿਚ ਵੱਖ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਬਾਕੀ ਲੋਕਾਂ ਨਾਲੋਂ ਇਕ ਵੱਖਰੀ ਭੂਮਿਕਾ ਦਿੱਤੀ ਗਈ ਸੀ।

**ਆਇਤਾਂ 15-18.** ਸ਼ੁੱਧ ਕੀਤੇ ਜਾਣ ਦੁਆਰਾ ਲੇਵੀਆਂ ਦਾ ਪਵਿੱਤ੍ਰ ਕੀਤਾ ਜਾਣਾ ਅਤੇ ਉਨ੍ਹਾਂ ਦਾ ਪਰਮੇਸ਼ੁਰ ਦੇ ਅੱਗੇ ਹਾਜ਼ਰ ਕੀਤਾ ਜਾਣਾ ਉਨ੍ਹਾਂ ਨੂੰ **ਮੰਡਲੀ ਦੇ ਤੰਬੂ ਵਿੱਚ ਸੇਵਾ ਕਰਨ** ਦੇ ਯੋਗ ਬਣਾਵੇਗਾ। ਇਹ ਉਨ੍ਹਾਂ ਦੇ ਲਈ ਇਕ ਉਚਿਤ ਭੂਮਿਕਾ ਸੀ ਕਿਉਂਕਿ ਉਨ੍ਹਾਂ ਨੂੰ ਇਸਰਾਏਲੀਆਂ ਦੇ ਪਲੋਠਿਆਂ ਦੀ ਥਾਂ ਪਰਮੇਸ਼ੁਰ ਨੂੰ ਦਿੱਤਾ ਗਿਆ ਸੀ। ਪਰਮੇਸ਼ੁਰ ਨੇ ਆਖਿਆ, **ਏਹ ਇਸਰਾਏਲੀਆਂ ਵਿੱਚੋਂ ਉੱਕੇ ਹੀ ਸਾਰੇ ... ਇਸਰਾਏਲੀਆਂ ਦੇ ਪਲੋਠਿਆਂ ਦੇ ਥਾਂ ਮੈਨੂੰ ਦਿੱਤੇ ਗਏ ਹਨ।**

**ਕੀ ਆਦਮੀ ਦਾ ... ਕੀ ਡੰਗਰ ਦਾ**, ਦੋਹਾਂ ਦਾ ਪਲੋਠਾ ਪਰਮੇਸ਼ੁਰ ਦਾ ਹੈ ਕਿਉਂਕਿ ਉਸ ਨੇ ਇਸਰਾਏਲੀਆਂ ਦੇ ਪਲੋਠਿਆਂ ਨੂੰ ਬਚਾਇਆ ਸੀ ਜਿਸ ਦਿਨ ਉਸ ਨੇ **ਮਿਸਰ ਦੇਸ ਦਿਆਂ ਸਾਰਿਆਂ ਪਲੋਠਿਆਂ ਨੂੰ ਮਾਰਿਆ।** ਹਰੇਕ ਇਸਰਾਏਲੀ ਪਰਿਵਾਰ ਵਿੱਚੋਂ ਸਭ ਤੋਂ ਵੱਡੇ ਪੁੱਤਰ ਨੂੰ ਮੰਗਣ ਦੀ ਬਜਾਇ, ਪਰਮੇਸ਼ੁਰ ਨੇ ਉਨ੍ਹਾਂ ਦੀ ਥਾਂ ਸੇਵਾ ਕਰਨ ਦੇ ਲਈ ਲੇਵੀਆਂ ਨੂੰ ਪਵਿੱਤ੍ਰ ਕੀਤਾ (קָדַשׁ, *ਕਾਦਾਸ਼)* (3:12, 13)।

**ਆਇਤ 19. ਹਾਰੂਨ ਅਰ ਉਸ ਦੇ ਪੁੱਤ੍ਰਾਂ** [ਜਾਜਕਾਂ] **ਲਈ ਇਸਰਾਏਲੀਆਂ ਵਿੱਚੋਂ** ਲੇਵੀ ਦਾਨ ਦਿੱਤੇ ਗਏ ਸਨ। **ਉਹ ਮੰਡਲੀ ਦੇ ਤੰਬੂ ਵਿੱਚ ਇਸਰਾਏਲੀਆਂ ਲਈ ਸੇਵਾ ਕਰਨ ਨਾਲੇ ਇਸਰਾਏਲੀਆਂ ਲਈ ਪਰਾਸਚਿਤ ਕਰਨ ਤਾਂ ਜੋ ਕੋਈ ਬਵਾ ਇਸਰਾਏਲੀਆਂ ਵਿੱਚ ਜਦ ਇਸਰਾਏਲੀ ਪਵਿੱਤ੍ਰ ਅਸਥਾਨ ਦੇ ਨੇੜੇ ਆਉਣ ਨਾ ਪਵੇ।** ਫਿਰ ਇਸ ਹਵਾਲੇ ਦੇ ਅਨੁਸਾਰ, ਲੇਵੀਆਂ ਨੇ (1) ਜਾਜਕਾਂ ਦੀ ਮਦਦ ਕੀਤੀ ਅਤੇ (2) ਡੇਹਰੇ ਦੀ ਰਾਖੀ ਕੀਤੀ। ਡੇਹਰੇ ਦੀ ਰਾਖੀ ਕਰਨਾ ਜ਼ਰੂਰੀ ਸੀ ਕਿਉਂਕਿ ਜੇ ਕੋਈ ਅਣਅਧਿਕਾਰਕ ਵਿਅਕਤੀ ਪਵਿੱਤਰ ਚੀਜ਼ਾਂ ਨੂੰ ਛੋਹ ਲੈਂਦਾ ਸੀ, ਉਹ ਨਾ ਸਿਰਫ ਮਰ ਜਾਂਦਾ ਸੀ ਪਰ ਪੂਰੇ ਸਮਾਜ ਦੇ ਲਈ ਦੁੱਖ ਝੱਲਣ ਦਾ ਕਾਰਣ ਬਣਦਾ ਸੀ: ਉਸ ਦੇ ਕਾਰਣ ਇਕ "ਬਵਾ" "ਇਸਰਾਏਲੀਆਂ ਵਿੱਚ" ਆਵੇਗੀ।

ਆਇਤ 19 ਵਿਚ, ਲੇਵੀਆਂ ਨੂੰ "ਇਸਰਾਏਲੀਆਂ ਲਈ ਪਰਾਸਚਿਤ ਕਰਨ" ਦੇ ਲਈ ਕਿਹਾ ਗਿਆ ਹੈ। "ਪਰਾਸਚਿਤ ਕਰਨ" ਦੇ ਲਈ ਜਿਹੜਾ ਇਬਰਾਨੀ ਸ਼ਬਦ (כִּפֶּר, *ਕਿੱਪਰ)* ਵਰਤਿਆ ਗਿਆ ਹੈ ਉਸ ਦਾ ਅਰਥ "ਢੱਕਣਾ" ਵੀ ਹੋ ਸਕਦਾ ਹੈ। ਪਾਪ ਦੇ ਲਈ ਪਰਾਸਚਿਤ ਕਰਨ ਦੀ ਬਜਾਇ, ਇਸ ਸੰਦਰਭ ਵਿਚ ਸ਼ਬਦ ਲੇਵੀਆਂ ਦੁਆਰਾ ਲੋਕਾਂ ਨੂੰ ਕਿਸੇ ਵੀ ਹਾਨੀ ਤੋਂ ਢੱਕਣ ਜਾਂ ਬਚਾਉਣ ਦੇ ਨਾਲ ਸੰਬੰਧ ਰੱਖਦਾ ਹੈ। ਜੌਨ ਮਾਰਸ਼ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਸੀ:

> ... ਲੇਵੀ (ਜਾਜਕਾਂ ਨਾਲ) ਲੋਕਾਂ ਨੂੰ ਦੇਵਤਾ ਨਾਲ ਉਸ ਸੰਪਰਕ ਤੋਂ ਬਚਾਉਂਦੇ ਹਨ ਜਿਸ ਦੇ ਨਾ ਤਿਆਰ ਹੋਏ ਲੋਕਾਂ ਦੇ ਲਈ ਖ਼ਤਰਨਾਕ ਨਤੀਜੇ ਹੋਣਗੇ। ਉਹ "ਓਟ" ਜਾਂ "ਪੜਦਾ" ਹਨ ਜਿਹੜਾ ਲੋਕਾਂ ਦੀ ਉਸ ਬਵਾ ਤੋਂ ਰੱਛਿਆ ਕਰਦਾ ਹੈ ਜੋ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਸ਼ੁੱਧ ਹੋਏ ਤੰਬੂ ਦੇ ਨੇੜੇ ਆਉਣ ਦੇ ਕਾਰਣ ਮਾਰੇਗੀ।[5]

**ਆਇਤਾਂ 20-22.** ਯਹੋਵਾਹ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਗਿਆ: **ਮੂਸਾ, ਹਾਰੂਨ ਅਤੇ ਇਸਰਾਏਲ ਦੀ ਸਾਰੀ ਮੰਡਲੀ ਨੇ ਲੇਵੀਆਂ ਨਾਲ** ਉਵੇਂ ਹੀ ਕੀਤਾ ਜਿਵੇਂ ਯਹੋਵਾਹ ਨੇ ਉਨ੍ਹਾਂ ਨੂੰ ਕਰਨ ਦੇ ਲਈ ਆਖਿਆ ਸੀ। ਨਾਲੇ **ਲੇਵੀਆਂ ਨੇ ਆਪਣੇ ਆਪ ਨੂੰ ਪਵਿੱਤ੍ਰ ਕੀਤਾ** ਅਤੇ **ਹਿਲਾਉਣ ਦੀ ਭੇਟ ਕਰਕੇ ਚੜ੍ਹਾਇਆ**। ਹਾਰੂਨ ਨੇ **ਉਨ੍ਹਾਂ ਲਈ ਪਰਾਸਚਿਤ ਕੀਤਾ**, ਯਕੀਨਨ ਦੋ ਵਹਿੜਿਆਂ ਦੀ ਬਲੀ ਚੜ੍ਹਾਉਣ ਦੁਆਰਾ (8:6-12)। ਫਿਰ ਉਹ **ਸੇਵਾ ਦੇ ਕੰਮ ਲਈ ਮੰਡਲੀ ਦੇ ਤੰਬੂ ਵਿੱਚ ਵੜੇ**।

**ਆਇਤਾਂ 23-26.** ਅੰਤ ਵਿਚ, ਯਹੋਵਾਹ ਨੇ ਸਮੇਂ ਦੀ ਮਿਆਦ ਸੰਬੰਧੀ ਹਦਾਇਤਾਂ ਦਿੱਤੀਆਂ ਜਿੰਨਾ ਚਿਰ ਲੇਵੀਆਂ ਨੇ ਸੇਵਾ ਕਰਨੀ ਸੀ। ਉਨ੍ਹਾਂ ਨੇ ਆਪਣੀ ਸੇਵਾ ਉਸ ਸਮੇਂ ਸ਼ੁਰੂ ਕੀਤੀ ਸੀ ਜਦੋਂ ਉਹ **ਪੰਝੀਆਂ ਵਰਿਹਾਂ** ਦੇ ਸਨ ਅਤੇ **ਸੇਵਾ ਦੇ ਕੰਮ ਤੋਂ ਰਹਿਤ ਹੋ ਗਏ** ਜਦੋਂ ਉਹ **ਪੰਜਾਹ ਵਰਿਹਾਂ** ਤੀਕ ਪਹੁੰਚੇ। ਉਨ੍ਹਾਂ ਦੇ ਸੇਵਾ ਦੇ ਕੰਮ ਤੋਂ ਰਹਿਤ ਹੋਣ ਤੋਂ ਬਾਅਦ ਵੀ, ਉਹ **ਆਪਣੇ ਭਰਾਵਾਂ ਦੀ ਸੇਵਾ ਮੰਡਲੀ ਦੇ ਤੰਬੂ ਵਿੱਚ ਜੁੰਮੇਵਾਰੀਆਂ ਨੂੰ ਪੂਰਾ ਕਰਨ** ਵਿਚ ਮਦਦ ਕਰ ਸਕਦੇ ਸਨ। ਉਹ ਦੂਜੇ ਲੇਵੀਆਂ ਨੂੰ ਉਨ੍ਹਾਂ ਦੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਮਦਦ ਕਰ ਸਕਦੇ ਸਨ, ਪਰ ਉਨ੍ਹਾਂ ਨੇ ਆਪ **ਸੇਵਾ ਦਾ ਕੰਮ ਨਹੀਂ ਸੀ ਕਰਨਾ** - ਮਤਲਬ, ਸ਼ਾਇਦ ਇਹ ਹੈ ਕਿ ਉਨ੍ਹਾਂ ਨੇ ਸੇਵਾ ਮੁਕਤ ਹੋਣ ਤੋਂ ਬਾਅਦ ਕੋਈ ਭਾਰੀ ਕੰਮ ਨਹੀਂ ਸੀ ਕਰਨਾ।

ਜਦ ਕਿ ਉਹ ਉਮਰ ਜਿਸ ਵਿਚ ਲੇਵੀਆਂ ਨੇ ਉਨ੍ਹਾਂ ਦੀ ਸੇਵਾ ਨੂੰ ਸ਼ੁਰੂ ਕਰਨਾ ਸੀ 8:24 ਵਿਚ "ਪੰਝੀਆਂ ਵਰਿਹਾਂ" ਦੀ ਦਿੱਤੀ ਗਈ ਹੈ, 4:3 ਵਿਚ ਇਹ ਗਿਣਤੀ "ਤੀਹ" ਹੈ। ਇਨ੍ਹਾਂ ਬੰਦਾਂ ਵਿਚ ਫ਼ਰਕਾਂ ਨੂੰ ਕਈ ਤਰੀਕਿਆਂ ਨਾਲ ਸਮਝਿਆ ਗਿਆ ਹੈ। ਹੋ ਸਕਦਾ ਹੈ ਕਿ ਪੰਜ ਵਰਿਹਾਂ ਦਾ ਸਮਾਂ ਸਿਖਲਾਈ ਦਾ ਹੋਵੇ - ਅਰਥਾਤ ਇਹ ਕਿ ਲੇਵੀਆਂ ਨੇ ਪੰਝੀਆਂ ਵਰਿਹਾਂ ਵਿਚ ਸੇਵਾ ਕਰਨੀ ਸ਼ੁਰੂ ਕੀਤੀ ਸੀ ਪਰ ਉਹ ਇਕ ਲੇਵੀ ਦੇ ਸਾਰੇ ਕੰਮ ਤਦ ਤੱਕ ਨਹੀਂ ਸੀ ਕਰ ਸਕਦੇ ਜਦੋਂ ਤੱਕ ਉਹ ਤੀਹ ਵਰਿਹਾਂ ਦੇ ਨਹੀਂ ਸੀ ਹੋ ਜਾਂਦੇ।[6] ਇਹ ਸੰਭਵ ਹੈ ਕਿ "ਪੰਝੀਆਂ ਵਰਿਹਾਂ" ਦਾ ਸਮਾਂ (8:24) ਸ਼ੁਰੂਆਤੀ ਵਿਵਸਥਾ ਨੂੰ ਦਰਸਾਉਂਦਾ ਸੀ, ਕਿਉਂਕਿ ਇਹ ਉਸ ਸਮੇਂ ਨਾਲ ਸੰਬੰਧ ਰੱਖਦਾ ਹੈ ਜਦੋਂ ਡੇਹਰੇ ਨੂੰ ਖੜ੍ਹਾ ਕੀਤਾ ਗਿਆ ਸੀ। ਬਾਅਦ ਵਿਚ, ਲੇਵੀਆਂ ਦੀ ਗਿਣਤੀ ਕੀਤੀ ਗਈ ਸੀ (3:39), ਜਿਸ ਨੇ ਇਹ ਪਰਗਟ ਕੀਤਾ ਹੋਵੇਗਾ ਕਿ ਜਿੰਨੇ ਲੇਵੀਆਂ ਦੀ ਉਮੀਦ ਕੀਤੀ ਗਈ ਸੀ ਉਹ ਗਿਣਤੀ ਵਿਚ ਉਸ ਨਾਲੋਂ ਜ਼ਿਆਦਾ ਸਨ। ਸ਼ੁਰੂਅਤੀ ਉਮਰ ਨੂੰ "ਤੀਹ" ਵਰਿਹਾਂ ਦੀ ਵਧਾ ਕੇ (4:3), ਸੇਵਾ ਦੇ ਲਈ ਯੋਗ ਲੇਵੀਆਂ ਦੀ ਗਿਣਤੀ ਲਗਭਗ ਵੀਹ ਪ੍ਰਤੀਸ਼ਤ ਘੱਟ ਗਈ ਹੋਵੇਗੀ।[7]

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਬਾਅਦ ਵਾਲੀ ਲਿਖਤ ਲੇਵੀਆਂ ਦੇ ਲਈ ਸੇਵਾ ਕਰਨ ਵਾਸਤੇ ਸ਼ੁਰੂਆਤੀ ਉਮਰ "ਪੰਝੀ" ਦੱਸਦੀ ਹੈ (1 ਇਤਹਾਸ 23:24; 2 ਇਤਹਾਸ 31:17; ਅਜ਼ਰਾ 3:8)। ਨੀਤੀ ਵਿਚ ਇਹ ਬਦਲਾਅ ਦਾਊਦ ਦੁਆਰਾ ਸ਼ੁਰੂ ਕੀਤਾ ਗਿਆ ਹੋਵੇਗਾ।

## ਪ੍ਰਾਸੰਗਿਕਤਾ

### "ਚਾਨਣ ਹੋਵੇ" (8:1-4)

ਸ਼ਮਾਦਾਨ ਦਾ ਉਦੇਸ਼ ਪਵਿੱਤਰ ਅਸਥਾਨ ਨੂੰ ਚਾਨਣ ਦੇਣਾ ਸੀ। ਇਸ ਲਈ, ਹਾਰੂਨ ਨੂੰ ਕਿਹਾ ਗਿਆ ਸੀ ਕਿ ਉਹ ਇਸ ਅਜਿਹੇ ਤਰੀਕੇ ਨਾਲ ਰੱਖੇ ਕਿ ਇਸ ਦੇ ਦੀਵੇ "ਸ਼ਮਾਦਾਨ ਦੇ ਸਾਹਮਣੇ ਚਾਨਣ ਦੇਣ" (8:2)। ਪਰਮੇਸ਼ੁਰ ਨੇ ਜਗਤ ਦੇ ਲਈ ਚਾਨਣ ਬਣਾਇਆ (ਉਤਪਤ 1) ਅਤੇ ਯਿਸੂ "ਜਗਤ ਦਾ ਚਾਣਨ" ਬਣਨ ਦੇ ਲਈ ਜਗਤ ਵਿਚ ਆਇਆ ਸੀ (ਯੂਹੰਨਾ 8:12)। ਅੱਜ ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦਾ ਪਵਿੱਤਰ ਅਸਥਾਨ ਅਰਥਾਤ ਕਲੀਸੀਆ ਚਾਨਣ ਦੇਵੇ। ਉਹ ਚਾਨਣ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤੇ ਗਏ ਪਰਮੇਸ਼ੁਰ ਦੇ ਵਚਨ (ਪੁਰਾਣਾ ਨੇਮ ਅਤੇ

ਨਵਾਂ ਨੇਮ ਦੋਵਾਂ) ਨਾਲ ਦਿੱਤਾ ਜਾਂਦਾ ਹੈ ਜਿਹੜਾ “ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ” ਹੈ ਅਤੇ ਪਰਮੇਸ਼ੁਰ ਦੇ ਲੋਕਾਂ ਨੂੰ “ਹਰ ਭਲੇ ਕੰਮ ਲਈ” ਤਿਆਰ ਕਰਦਾ ਹੈ (2 ਤਿਮੋਥਿਉਸ 3:16, 17; ਵੇਖੋ ਜ਼ਬੂਰ 119:105)।

ਸ਼ਮਦਾਨ ਵਿੱਚੋਂ ਨਿੱਕਲਣ ਵਾਲਾ ਚਾਨਣ ਅਜਿਹੇ ਤਰੀਕੇ ਨਾਲ ਉਸ ਦਿਸ਼ਾ ਵੱਲ ਨੂੰ ਕੀਤਾ ਗਿਆ ਸੀ ਕਿ ਉਹ ਹਜ਼ੂਰੀ ਦੀ ਰੋਟੀ, ਬਾਰਾਂ ਰੋਟੀਆਂ ਨੂੰ ਚਾਨਣ ਦਿੰਦਾ ਸੀ ਜੋ ਬਾਰਾਂ ਗੋਤਾਂ ਨੂੰ ਦਰਸਾਉਂਦੀਆਂ ਸਨ। ਕਿਉਂਕ ਚਾਨਣ ਅਤੇ ਅੱਗ ਪਰਮੇਸ਼ੁਰ ਦੀ ਹਜ਼ੂਰੀ ਦੇ ਪ੍ਰਤੀਕ ਸਨ, ਦੀਵਿਆਂ ਦੀ ਸਜਾਵਟ “ਸਪੱਸ਼ਟ ਰੂਪ ਵਿਚ ਪਰਮੇਸ਼ੁਰ ਦੇ ਇਰਾਦੇ ਨੂੰ ਦਰਸਾਉਂਦੀ ਸੀ ਕਿ ਉਸ ਦੀ ਪਰਜਾ ਨੂੰ ਲਗਾਤਾਰ ਉਸ ਦੀ ਹਜ਼ੂਰੀ ਵਿਚ ਰਹਿਣਾ ਚਾਹੀਦਾ ਹੈ ਅਤੇ ਉਸ ਬਰਕਤ ਦਾ ਅਨੰਦ ਮਾਣਨਾ ਚਾਹੀਦਾ ਹੈ ਜੋ ਜਿਸ ਦੀ ਸਿਫ਼ਾਰਸ਼ ਉਸ ਦੇ ਜਾਜਕਾਂ ਦੁਆਰਾ ਕੀਤੀ ਜਾਂਦੀ ਸੀ।”[8] ਇਸ ਭਾਗ ਨੂੰ ਇਸ ਤਰੀਕੇ ਨਾਲ ਵੇਖਿਆ ਜਾ ਸਕਦਾ ਹੈ ਕਿ ਇਹ ਪ੍ਰਤੀਕਾਤਮਕ ਰੂਪ ਵਿਚ ਉਸ ਨੂੰ ਵਿਅਕਤ ਕਰਦਾ ਹੈ ਜਿਸ ਦੀ ਪੁਸ਼ਟੀ 6:23-27 ਕਰਦੀਆਂ ਹਨ: “ਇਉਂ ਓਹ ਮੇਰਾ ਨਾਮ ਇਸਰਾਏਲੀਆਂ ਉੱਤੇ ਰੱਖਣ ਅਤੇ ਮੈਂ ਉਨ੍ਹਾਂ ਨੂੰ ਬਰਕਤ ਦਿਆਂਗਾ।”[9]

### “ਨਮੂਨੇ ਉੱਤੇ” (8:4)

ਗਿਣਤੀ 8:4 ਕਹਿੰਦੀ ਹੈ ਕਿ ਸ਼ਮਾਦਾਨ “ਉਸ ਨਮੂਨੇ ਉੱਤੇ ਬਣਾਇਆ ਗਿਆ ਸੀ ਜਿਹੜਾ ਯਹੋਵਾਹ ਨੇ ਮੂਸਾ ਨੂੰ ਵਿਖਾਇਆ ਸੀ” (ਵੇਖੋ ਕੂਚ 25:9, 40)। ਜਿਵੇਂ ਮੂਸਾ ਨੇ ਡੇਹਰੇ ਨੂੰ ਅਤੇ ਇਸ ਦੀਆਂ ਚੀਜ਼ਾਂ ਨੂੰ “ਨਮੂਨੇ ਉੱਤੇ” ਬਣਾਇਆ ਸੀ (ਇਬਰਾਨੀਆਂ 8:5), ਅੱਜ ਕਲੀਸੀਆ ਨੂੰ ਉਸ “ਨਮੂਨੇ” ਉੱਤੇ ਚੱਲਣ ਦੀ ਲੋੜ ਹੈ ਜੋ ਰਸੂਲਾਂ ਦੁਆਰਾ ਪਹਿਲੀ ਸਦੀ ਦੀ ਕਲੀਸੀਆ ਨੂੰ ਦਿੱਤਾ ਗਿਆ ਸੀ। ਸਿਰਫ ਉਹ ਕਲੀਸੀਆ ਜਿਹੜੀ ਸਭਨਾਂ ਗੱਲਾਂ ਵਿੱਚ - ਅਰਾਧਨਾ, ਸੰਗਠਨ ਅਤੇ ਡਾਕਟ੍ਰਿਨ (ਸਿੱਖਿਆ) ਵਿਚ - ਨਵੇਂ ਨੇਮ ਦੀ ਕਲੀਸੀਆ ਵਰਗੀ ਹੈ ਉਹੀ ਪਰਮੇਸ਼ੁਰ ਦੀ ਪ੍ਰਵਾਨਗੀ ਨੂੰ ਪ੍ਰਾਪਤ ਕਰਨ ਦੇ ਲਈ ਨਿਸ਼ਚਤ ਹੋ ਸਕਦੀ ਹੈ।

### ਸੇਵਾ ਮੁਕਤੀ (8:23-26)

ਲੇਵੀਆਂ ਨੇ ਪੰਜਾਹ ਵਰਿਹਾਂ ਦੀ ਉਮਰ ਵਿਚ “ਸੇਵਾ ਦੇ ਕੰਮ ਤੋਂ ਰਹਿਤ ਹੋਣਾ ਸੀ ਅਤੇ ਹੋਰ ਸੇਵਾ ਦਾ ਕੰਮ ਨਹੀਂ ਕਰਨਾ ਸੀ” (8:25)। ਸ਼ਾਇਹ ਇਹ ਦੱਸਦਾ ਹੈ ਕਿ ਲੇਵੀਆਂ ਦਾ ਕੰਮ ਮਿਹਨਤ ਵਾਲਾ ਕੰਮ ਸੀ ਅਤੇ ਇਸ ਦੇ ਲਈ ਉਨ੍ਹਾਂ ਦੀਆਂ ਪਿੱਠਾਂ ਦਾ ਮਜ਼ਬੂਤ ਹੋਣਾ ਅਤੇ ਉਨ੍ਹਾਂ ਦੇ ਸਰੀਰ ਦੇ ਕੰਮ ਕਰਨ ਦੀ ਸਮਰੱਥਾ ਨੌਜਵਾਨਾਂ ਦੀ ਸਮਰੱਥਾ ਜਿੰਨੀ ਹੋਣੀ ਚਾਹੀਦੀ ਸੀ। ਹਰ ਹਾਲਤ ਵਿਚ, ਇਹ ਬਿਧੀ ਸੇਵਾ ਮੁਕਤੀ ਦੇ ਸਿਧਾਂਤ ਦੀ ਪ੍ਰਵਾਨਗੀ ਦਿੰਦੀ ਜਾਪਦੀ ਹੈ। ਇਹ ਇਹ ਸੁਝਾਅ ਦੇ ਸਕਦੀ ਹੈ ਕਿ ਮਸੀਹੀ ਲੋਕ ਬਿਨ੍ਹਾਂ ਦੋਸ਼ੀ ਮਹਿਸੂਸ ਕੀਤੇ ਸਖ਼ਤ ਕੰਮ ਤੋਂ ਸੇਵਾ ਮੁਕਤ ਹੋ ਸਕਦੇ ਹਨ। ਇਹ ਕਹਿਣਾ ਕਿ ਇਕ ਮਸੀਹੀ ਵਿਅਕਤੀ ਸੇਵਾ ਮੁਕਤ ਹੋ *ਸਕਦਾ* ਹੈ ਇਹ ਕਹਿਣ ਨਾਲੋਂ ਵੱਖਰਾ ਹੈ ਕਿ ਉਸ ਨੂੰ ਸੇਵਾ ਮੁਕਤ *ਹੋਣਾ ਚਾਹੀਦਾ ਹੈ*। ਲੋਕ ਜ਼ਿਆਦਾ ਲੰਬੇ, ਜ਼ਿਆਦਾ ਤੰਦਰੁਸਤ, ਜ਼ਿਆਦਾ ਫਲਦਾਇਕ ਜੀਵਨ ਜੀ ਸਕਦੇ ਹਨ ਜੇਕਰ ਉਹ ਸੇਵਾ ਮੁਕਤ ਨਹੀਂ ਹੁੰਦੇ। ਕੁਝ ਮਸੀਹੀ ਲੋਕ ਪੂਰਾ ਸਮਾਂ ਪ੍ਰਭੂ ਦੀ ਸੇਵਾ ਕਰਨ ਦੇ ਲਈ ਆਪਣੇ ਦੁਨਿਆਵੀ ਕੰਮਾਂ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਬੇਸ਼ੱਕ, ਕਿਸੇ ਨੂੰ ਵੀ ਪ੍ਰਭੂ ਦੀ ਸੇਵਾ ਕਰਨ ਤੋਂ ਸੇਵਾ ਮੁਕਤ ਨਹੀਂ ਹੋਣਾ ਚਾਹੀਦਾ ਹੈ। ਜਦ ਕਿ ਜਿਵੇਂ-ਜਿਵੇਂ ਸਾਲ ਬੀਤਦੇ ਜਾਂਦੇ ਹਨ ਮਸੀਹੀ ਵਿਅਕਤੀ ਦੀ ਭੂਮਿਕਾ - ਉਹ ਕਿਵੇਂ ਕਲੀਸੀਆ ਵਿਚ ਸੇਵਾ ਕਰਦਾ ਜਾਂ ਕਰਦੀ ਹੈ - ਬਦਲ ਸਕਦੀ ਹੈ, ਇਹੋ ਜਿਹਾ ਕਦੇ ਕੋਈ ਸਮਾਂ ਨਹੀਂ ਆਉਣਾ ਚਾਹੀਦਾ ਜਦੋਂ ਬਜ਼ੁਰਗ ਚੇਲੇ ਇਹ ਮੰਨਦੇ ਹਨ ਕਿ ਉਹ ਕਲੀਸੀਆ ਦੇ ਕੰਮ ਵਿਚ ਸਹਾਇਤਾ ਕਰਨ ਦੇ ਲਈ ਕੁਝ ਵੀ ਨਾ ਕਰਨ ਦੇ ਲਈ ਸਹੀ ਠਹਿਰਦੇ

ਹਨ। ਬਜ਼ੁਰਗ ਚੇਲੇ ਸਿਰਫ ਮੌਜ ਮਸਤੀ ਦੇ ਲਈ ਸਮਰਪਿਤ ਜੀਵਨ ਜੀਉਣ ਦੇ ਲਈ ਵਫ਼ਾਦਾਰ ਸੇਵਾ ਤੋਂ ਸੇਵਾ ਮੁਕਤੀ ਵਿਚ ਸਹੀ ਨਹੀਂ ਠਹਿਰਦੇ ਹਨ।

---

ਟਿੱਪਣੀਆਂ

[1]ਡੈਨਿਸ ਟੀ. ਓਲਸਨ ਦੀ ਪੁਸਤਕ ਇੰਟਰਪਰਟੇਸ਼ਨ (ਲੂਇਸਵਿਲੇ: ਜੌਨ ਨੌਕਸ ਪ੍ਰੈਸ, 1996) ਵਿਚ ਸਫ਼ਾ 48 ਤੇ *ਗਿਣਤੀ* ਹੈ। [2]ਸੀ. ਐਫ. ਕੀਲ ਅਤੇ ਐਫ. ਡੈਲਿਟਚ, *ਦ ਪੈਂਟਾਟੁਕ*, ਜਿਲਦ 3, ਅਨੁਵਾਦ. ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 46. [3]ਉਸੇ ਸਥਾਨ ਤੇ, 48. [4]ਰੋਨਾਲਡ ਬੀ. ਐਲਨ ਦੀ ਪੁਸਤਕ *ਦਿ ਇਕਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲੀਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 767 ਤੇ “ਗਿਣਤੀ” ਹੈ। [5]ਜੌਨ ਮਾਰਸ਼ ਅਤੇ ਐਲਬਰਟ ਜੌਰਜ ਬੁਟਜ਼ਰ, “ਦ ਬੁਕ ਆਫ਼ ਨੰਬਰਸ,” *ਦਿ ਇੰਟਰਪਰਟਰਸ ਬਾਈਬਲ*, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1953), 2:183-84. [6]ਆਰ. ਕੇ. ਹੈਰੀਸਨ, *ਨੰਬਰਸ: ਐਨ ਐਕਸਜੈਟੀਕਲ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 81. [7]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 97-98, ਨੰ 2 ਤੇ *ਗਿਣਤੀ* ਹੈ। [8]ਉਸੇ ਸਥਾਨ ਤੇ, 95. [9]ਉਸੇ ਸਥਾਨ ਤੇ।